# ਪੰਜਾਬੀ

# TMA

**210**

**( Secondary)**

ਕੁਲ ਅੰਕ : 20

**MM. : 20**

**ਟਿੱਪਣੀ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਗਏ ਹਨ।

Note : All Qustions are compulsory. The marks allowed for each question are given at same place.

(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ **ਆਪਣਾ ਨਾਂ, ਰੋਲ ਨੰਬਰ, ਅਧਿਐਨ ਕੇਂਦਰ ਦਾ ਨਾਂ, ਵਿਸ਼ਾ** ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

Write your **Enrolmenr number. AI Name and Subject** etc. on the top of the first page of the Answer Sheet

ਪ੍ਰ.1. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਉਤਪੰਨ ਸ਼ਬਦਾਂ ਤੋਂ ਕੀ ਭਾਵ ਹੈ? ਇਹ ਕਿੰਨ੍ਹੀਂ ਤਰਾਂ ਦੇ ਹੁੰਦੇ ਹਨ?

ਜਾਂ

(ਅ) 'ਖਵਾਜੇ ਦਾ ਗਵਾਹ ਡੱਡੂ' ਅਤੇ 'ਸੌ ਸੁਨਾਰ ਦੀ ਇੱਕ ਲੁਹਾਰ ਦੀ' ਅਖਾਣ ਕਿਹੜੇ ਮੌਕੇ ਤੇ ਵਰਤਿਆ ਜਾਂਦਾ ਹੈ?

ਪ੍ਰ.2. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਸਮਾਸੀ ਸ਼ਬਦਾਂ ਬਾਰੇ ਜਾਣਕਾਰੀ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

(ਅ) ਸੰਬੰਧਕ ਕਿਸ ਨੂੰ ਕਹਿੰਦੇ ਹਨ? ਇਸ ਦੇ ਕਿੰਨੇ ਭੇਦ ਹੁੰਦੇ ਹਨ? ਇਸ ਬਾਰੇ ਜਾਣਕਾਰੀ ਦਿਓ।

ਪ੍ਰ.3. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) 'ਇਨਸਾਨਤਾਨ' ਕਵਿਤਾ ਦਾ ਕਵੀ ਕੌਣ ਹੈ? ਉਸ ਨੇ ਕਿਹੋ ਜਿਹੇ ਸੰਸਾਰ ਦੀ ਕਲਪਨਾ ਕੀਤੀ ਹੈ?

ਜਾਂ

(ਅ) ਅਗੇਤਰ ਤੇ ਪਿਛੇਤਰ ਸ਼ਬਦਾਂ ਤੋਂ ਕੀ ਭਾਵ ਹੈ! ਆਵਲੀ ਅਤੇ ਸਾਲ ਪਿਛੇਤਰ ਵਰਤ ਕੇ ਦੋ-ਦੋ ਸ਼ਬਦ ਬਣਾਓ।

ਪ੍ਰ.4. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4)

(ੳ) ਨਵਾਂ ਬਹੀਚਾ, ਨਵੀਂ ਬਹਾਰ
ਨਵੀਂ ਜਵਾਨੀ, ਨਵਾਂ ਨਿਖ਼ਾਰ
ਨਵੀਂ ਜਮੀਨ, ਨਵਾਂ ਅਸਮਾਨ

ਸੱਚਮੁੱਚ ਦਾ ਇਨਸਾਨਤਾਨਾਂ ਇਸ ਕਾਵਿ ਟੁਕੜੀ ਦਾ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

(ਅ) ਬਲੱਡ ਬੈਂਕ ਵਿੱਚ ਖ਼ੂਨ-ਦਾਨ ਕੌਣ ਅਤੇ ਕਿਉਂ ਦਾਨ ਕਰਦੇ ਹਨ?

ਪ੍ਰ.5. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ – (4)

(ੳ) ਕਵੀ ਧਨੀ ਰਾਮ ਚਾਤ੍ਰਿਕ ਦੇ ਜੀਵਨ ਅਤੇ ਰਚਨਾ ਬਾਰੇ ਜਾਣਕਾਰੀ ਦਿਓ।

**ਜਾਂ**

(ਅ) ਮਲੰਗ ਕਹਾਣੀ ਦੇ ਪਹਿਲੇ ਭਾਗ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਪ੍ਰ.6. ਹੇਠ ਲਿਖੇ **ਕਿਸੇ ਇਕ** ਵਿਸ਼ੇ ਤੇ **ਰਚਨਾਤਮਕ ਕਾਰਜ** ਕਰੋ – (6)

(ੳ) ਅਖਾਣ ਤੇ ਮੁਹਾਵਰੇ ਵਿੱਚ ਕੀ ਅੰਤਰ ਹੁੰਦਾ ਹੈ, ਇਹ ਭਾਸ਼ਾ ਲਈ ਕਿਉਂ ਮਹੱਤਵਪੂਰਨ ਹੁੰਦੇ ਹਨ? ਅੱਖ, ਕੰਨ ਬਾਰੇ ਵਰਤੇ ਜਾਣ ਵਾਲੇ 5-5 ਅਖਾਣ ਲਿਖੋ। ਹ, ਕ, ਖ, ਗ ਅੱਖਰ ਨਾਲ ਸ਼ੁਰੂ ਹੋਣ ਵਾਲੇ 3-3 ਅਖਾਣ ਲਿਖੋ ਤੇ ਉਹ ਕਿਹੜੇ ਮੌਕੇ ਤੇ ਵਰਤੇ ਜਾਂਦੇ ਹਨ?

**ਜਾਂ**

(ਅ) ਪ੍ਰੋ. ਮੋਹਨ ਸਿੰਘ ਦੀ ਕਵਿਤਾਵਾਂ ਦੀ ਸੂਚੀ ਤਿਆਰ ਕਰੋ। ਕੋਈ ਇੱਕ ਕਵਿਤਾ ਤੇ ਉਸਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। ਕਵੀ ਦੀ ਫੋਟੋ ਵੀ ਲਗਾਓ।

**Set 2**

# ਪੰਜਾਬੀ
# TMA
**210**

**( Secondary)**

ਕੁਲ ਅੰਕ : 20

**MM. : 20**

**ਟਿੱਪਣੀ** : (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਗਏ ਹਨ।

Note : All Qustions are compulsory. The marks allowed for each question are given at same place.

(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ **ਆਪਣਾ ਨਾਂ, ਰੋਲ ਨੰਬਰ, ਅਧਿਐਨ ਕੇਂਦਰ ਦਾ ਨਾਂ, ਵਿਸ਼ਾ** ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

Write your **Enrolmenr number. AI Name and Subject** etc. on the top of the first page of the Answer Sheet

ਪ੍ਰ.1. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਸ਼ਬਦ ਕੀ ਹੁੰਦਾ ਹੈ? ਕੀ ਸ਼ਬਦ ਰਚਨਾ ਲਈ ਕੋਈ ਨਿਯਮਾਵਲੀ ਹੁੰਦੀ ਹੈ?

ਜਾਂ

(ਅ) 'ਖੋਟਾ ਪੁੱਤਰ ਤੇ ਖੋਟਾ ਪੈਸਾ ਕਿਸੇ ਵੇਲੇ ਕੰਮ ਆ ਜਾਂਦੇ ਹਨ?' ਇਹ ਅਖਾਣ ਹੈ ਜਾਂ ਮੁਹਾਵਰਾ? ਇਸ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ?

ਪ੍ਰ.2. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) 'ਖਾਨਗਾਹੀ ਤੇ ਦੀਵਾ ਬਾਲਦੀਏ' ਕਵਿਤਾ ਦੀ ਭਾਸ਼ਾ ਸ਼ੈਲੀ ਬਾਰੇ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

(ਅ) ਅਗੇਤਰ ਸ਼ਬਦਾਂ ਤੋਂ ਕੀ ਭਾਵ ਹੈ? ਸਵੈ ਅਤੇ ਗ਼ੈਰ ਅਗੇਤਰ ਵਰਤ ਕੇ ਦੋ-ਦੋ ਸ਼ਬਦ ਬਣਾਓ।

ਪ੍ਰ.3. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਦੇਹ ਅਰੋਗਤਾ ਪਾਠ ਦੀ ਪਾਤਰ ਜੈਸਮੀਨ ਨੂੰ ਕੀ ਪਰੇਸ਼ਾਨੀ ਹੈ? ਉਸ ਦੀ ਮਾਂ ਉਸ ਨੂੰ ਕਿੱਥੇ ਤੇ ਕਿਉਂ ਲੈ ਕੇ ਗਈ?

ਜਾਂ

(ਅ) ਸਮਾਸੀ ਦਾ ਕੀ ਅਰਥ ਹੈ? ਇਹ ਰਚਿਤ ਸ਼ਬਦ ਹੁੰਦੇ ਹਨ ਜਾਂ ਮੂਲ! ਇਨ੍ਹਾਂ ਦੀ ਬਣਤਰ ਸਮੇਂ ਕਿਹੜਾ ਵਿਸਰਾਮ ਚਿੰਨ੍ਹ ਵਰਤਿਆ ਜਾਂਦਾ ਹੈ?

ਪ੍ਰ.4. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4)

(ੳ) ਪ੍ਰੋ. ਮੋਹਨ ਸਿੰਘ ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਓ।

**ਜਾਂ**

(ਅ) ਮਲੰਗ ਕਹਾਣੀ ਦੇ ਵਿਸ਼ੇ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰਮੁੱਖ ਘਟਨਾਵਾਂ ਦਾ ਬਿਆਨ ਕਰੋ।

ਪ੍ਰ.5. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ – (4)

(ੳ) ਇਨਸਾਨਤਾਨ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

(ਅ) ਅਨੀਮੀਆ ਕੀ ਹੁੰਦਾ ਹੈ? ਇਸ ਤੋਂ ਬਚਣ ਲਈ ਕੀ ਸਾਵਧਾਨੀਆਂ ਹਨ ਤੇ ਇਸ ਦੇ ਸੁਧਾਰ ਲਈ ਕਿਹੋ ਜਿਹੀ ਖ਼ੁਰਾਕ ਦੀ ਲੋੜ ਹੁੰਦੀ ਹੈ?

ਪ੍ਰ.6. ਹੇਠ ਲਿਖੇ **ਕਿਸੇ ਇਕ** ਵਿਸ਼ੇ ਤੇ **ਰਚਨਾਤਮਕ ਕਾਰਜ** ਕਰੋ – (6)

(ੳ) ਸ਼ਬਦ ਰਚਨਾ ਬਾਰੇ ਜਾਣਕਾਰੀ ਦਿਓ। ਸੰਬੰਧਕ, ਯੋਜਕ ਸਮਾਸੀ ਸ਼ਬਦ, ਅਗੇਤਰ ਅਤੇ ਪਿਛੇਤਰ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖ ਕੇ ਪ੍ਰੋਜੈਕਟ ਤਿਆਰ ਕਰੋ।

**ਜਾਂ**

(ਅ) ਦੇਹ ਅਰੋਗਤਾ ਪਾਠ ਵਿੱਚ ਦਿੱਤੀ ਜਾਣਕਾਰੀ ਨੂੰ ਧਿਆਨ ਵਿੱਚ ਰੱਖ ਕੇ ਲਿਖੋ ਕਿ 'ਬਲੱਡ ਬੈਂਕ' ਕੀ ਹੁੰਦਾ ਹੈ? ਨਾਲ ਹੀ ਬਲੱਡ ਬੈਂਕ ਦਾ ਆਰੰਭ ਕਿਵੇਂ ਹੋਇਆ। ਇਸ ਦੇ ਵਿਸ਼ਵ ਪੱਧਰ ਤੇ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਾ ਪ੍ਰੋਜੈਕਟ ਤਿਆਰ ਕਰੋ।

Set 3

# ਪੰਜਾਬੀ
# TMA
**210**
**( Secondary)**

ਕੁਲ ਅੰਕ : 20
**MM. : 20**

**ਟਿੱਪਣੀ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਗਏ ਹਨ।
Note : All Qustions are compulsory. The marks allowed for each question are given at same place.
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ **ਆਪਣਾ ਨਾਂ, ਰੋਲ ਨੰਬਰ, ਅਧਿਐਨ ਕੇਂਦਰ ਦਾ ਨਾਂ, ਵਿਸ਼ਾ** ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।
Write your **Enrolmenr number. AI Name and Subject** etc. on the top of the first page of the Answer Sheet

ਪ੍ਰ.1. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)
(ੳ) ਯੋਜਕ ਕਿਸ ਨੂੰ ਕਹਿੰਦੇ ਹਨ? ਇਹ ਕਿੰਨੀ ਤਰ੍ਹਾਂ ਦੀ ਵਾਕਾਤਮਕ ਬਣਤਰਾਂ ਵਿੱਚ ਵਿਚਰਦੇ ਹਨ?

ਜਾਂ

(ਅ) 'ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ' ਅਤੇ 'ਕੰਧਾਂ ਨੂੰ ਕੰਨ ਹੁੰਦੇ ਹਨ' ਅਖਾਣ ਦੀ ਵਰਤੋਂ ਕਿਹੜੇ ਮੌਕੇ ਤੇ ਕੀਤੀ ਜਾਂਦੀ ਹੈ?

ਪ੍ਰ.2. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)
(ੳ) ਪੰਜਾਬੀ ਭਾਸ਼ਾ ਵਿੱਚ ਅਖਾਣਾਂ ਦਾ ਕੀ ਮਹੱਤਵ ਹੈ? ਇਨ੍ਹਾਂ ਦੀ ਵਰਤੋਂ ਕਰਦੇ ਸਮੇਂ ਕਿਹੜੇ ਦੋ ਢੰਗਾਂ ਦਾ ਧਿਆਨ ਰੱਖਿਆ ਜਾਂਦਾ ਹੈ?

ਜਾਂ

(ਅ) ਇਨਸਾਨਤਾਨ ਕਵਿਤਾ ਦਾ ਕਵੀ ਕੌਣ ਹੈ ਤੇ ਉਹ ਇਕ ਕਵਿਤਾ ਵਿੱਚ ਕਿਹੜੀ ਕਲਪਨਾ ਕਰਦਾ ਹੈ?

ਪ੍ਰ.3. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)
(ੳ) ਸਾਂਝੇ ਹੋਣ ਮਸੀਤਾਂ ਮੰਦਰ,
ਵੱਸੇ ਰੱਬ ਦਿਲਾਂ ਦੇ ਅੰਦਰ,
ਲੀਡਰ ਹੋਣ ਦਿਆਨਤਦਾਰ,
ਮੇਲ ਮੁਹੱਬਤ ਦਾ ਪਰਚਾਰ।
ਇਸ ਕਾਵਿ-ਟੁਕੜੀ ਤੋਂ ਕੀ ਸੰਦੇਸ ਮਿਲ ਰਿਹਾ ਹੈ?

ਜਾਂ

(ਅ) 'ਮਲੰਗ' ਕਹਾਣੀ ਵਿੱਚ ਬੱਸਾਂ ਦੀ ਦੌੜ ਵਿੱਚ ਕਿਹੜੀ ਮੱਤ ਪ੍ਰਧਾਨ ਸੀ?

ਪ੍ਰ.4. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4)
(ੳ) ਹੇਠ ਲਿਖੀ ਕਾਵਿ ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ—
ਵੱਡਿਆਂ ਦਾ ਦਿਲ ਹੋ ਜਾਵੇ ਵੱਡਾ,

ਢਾਹ ਸੁੱਟਣ ਨਫ਼ਰ ਦਾ ਅੱਡਾ।
ਵੰਡ ਖਾਣ ਦੀ ਪੈ ਜਾਂਦੇ ਵਾਦੀ,
ਮੰਗ ਸਕਣ, ਸਾਂਝੀ ਆਜ਼ਾਦੀ।

**ਜਾਂ**

(ਅ) ਮਨੁੱਖੀ ਸਰੀਰ ਵਿੱਚ ਖ਼ੂਨ ਦਾ ਕੀ ਮਹੱਤਵ ਹੈ, ਇਸ ਦੇ ਕਿੰਨੇ ਹਿੱਸੇ ਹੁੰਦੇ ਹਨ? ਜਾਣਕਾਰੀ ਦਿਓ।

ਪ੍ਰ.5. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4)

(ੳ) 'ਖਾਨਗਾਹੀ ਦੀਵਾ ਬਾਲਦੀਏ' ਕਵਿਤਾ ਦਾ ਸਾਰ ਲਿਖੋ।

**ਜਾਂ**

(ਅ) ਮਲੰਗ ਕਹਾਣੀ ਤੋਂ ਤੁਸੀਂ ਕੀ ਸਿੱਖਿਆ ਹੈ? ਆਪਣੇ ਸ਼ਬਦਾਂ ਵਿੱਚ ਲਿਖੋ।

ਪ੍ਰ.6. ਹੇਠ ਲਿਖੇ **ਕਿਸੇ ਇਕ** ਵਿਸ਼ੇ ਤੇ **ਰਚਨਾਤਮਕ ਕਾਰਜ** ਕਰੋ — (6)

(ੳ) ਤੁਸੀਂ ਕਦੀ ਸਫ਼ਰ ਦੌਰਾਨ ਦੋ ਬੱਸਾਂ ਜਾਂ ਕਾਰਾਂ ਦੀ ਅੱਗੇ ਲੰਘ ਜਾਣ ਦੀ ਹੋੜ ਦੇਖੀ ਹੈ। ਉਸ ਸਮੇਂ ਤੁਸੀਂ ਅਤੇ ਤੁਹਾਡੇ ਨਾਲ ਸਫ਼ਰ ਕਰਨ ਵਾਲਿਆਂ ਨੇ ਕੀ ਮਹਿਸੂਸ ਕੀਤਾ? ਇਸ ਪ੍ਰਭਾਵ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ਤੇ ਇਸ ਹੋੜ ਤੋਂ ਤੁਸੀਂ ਕੀ ਸਿੱਖਿਆ ਉਹ ਵੀ ਲਿਖੋ।

**ਜਾਂ**

(ਅ) ਕਵੀ ਧਨੀ ਰਾਮ ਚਾਤ੍ਰਿਕ ਦੇ ਜੀਵਨ ਅਤੇ ਕਾਵਿ-ਸ਼ੈਲੀ ਬਾਰੇ ਜਾਣਕਾਰੀ ਇਕੱਠੀ ਕਰੋ। ਧਨੀ ਰਾਮ ਚਾਤ੍ਰਿਕ ਦੀ ਪ੍ਰਮੁੱਖ ਕਵਿਤਾਵਾਂ ਦੇ ਨਾਂ ਲਿਖੋ। ਕਿਸੀ ਇਕ ਕਵਿਤਾ ਅਤੇ ਉਸ ਦੇ ਸਾਰ ਨੂੰ ਸੁਹਣੀ ਲਿਖਾਈ ਵਿੱਚ ਲਿਖੋ। ਕਵੀ ਦੀ ਫੋਟੋ ਵੀ ਲਗਾਓ।

Set 4

# ਪੰਜਾਬੀ

# TMA

**210**

**( Secondary)**

ਕੁਲ ਅੰਕ : 20

**MM. : 20**

**ਟਿੱਪਣੀ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ। ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਗਏ ਹਨ।

Note : All Qustions are compulsory. The marks allowed for each question are given at same place.

(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ **ਆਪਣਾ ਨਾਂ, ਰੋਲ ਨੰਬਰ, ਅਧਿਐਨ ਕੇਂਦਰ ਦਾ ਨਾਂ, ਵਿਸ਼ਾ** ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

Write your **Enrolmenr number. AI Name and Subject** etc. on the top of the first page of the Answer Sheet

ਪ੍ਰ.1. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਅਖਾਣ ਕਿਸ ਨੂੰ ਕਹਿੰਦੇ ਹਨ? ਪੰਜਾਬੀ ਭਾਸ਼ਾ ਵਿੱਚ ਅਖਾਣਾਂ ਦਾ ਕੀ ਮਹੱਤਵ ਹੈ?

ਜਾਂ

(ਅ) ਰਚਿਤ ਸ਼ਬਦ ਕਿਹੜੇ ਹੁੰਦੇ ਹਨ? ਇਨ੍ਹਾਂ ਦੀ ਕਿਸਮਾਂ ਬਾਰੇ ਦੱਸੋ।

ਪ੍ਰ.2. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਅਖਾਣ ਪੂਰੇ ਕਰੋ— ‘ਠੰਡੇ................ਨੂੰ............ਮਾਰਨਾ।
ਤੀਰ................., ਗੱਲ......................ਨਿਕਲੇ ਵਾਪਸ ਨਹੀਂ ਆਉਂਦੇ। ਦੱਸੋ ਉਹ ਕਿਹੜੇ ਮੌਕੇ ਤੇ ਕੰਮ ਆਉਂਦੇ ਹਨ।

ਜਾਂ

(ਅ) ਖਾਨਗਾਹ ਦੀਵਾ ਬਾਲਦੀਏ ਕਵਿਤਾ ਦਾ ਕਵੀ ਕੌਣ ਹੈ ਤੇ ਉਸ ਨੇ ਕਿਹੜਾ ਦ੍ਰਿਸ਼ ਸਿਰਜਿਆ ਹੈ?

ਪ੍ਰ.3. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 40-60 ਸ਼ਬਦਾਂ ਵਿੱਚ ਦਿਉ — (2)

(ੳ) ਮਤਲਬੀਏ ਤੇ ਪਾੜਣ ਵਾਲੇ,
ਭੁੱਲ ਜਾਵਣ ਸ਼ਤਰੰਜ ਦੇ ਚਾਲੇ,
ਟੁੱਕਰਾਂ ਤੋਂ ਨਾ ਵੱਢ ਵੱਢ ਖਾਣ,
ਸੱਚਮੁੱਚ ਦਾ ਇਨਸਾਨਤਾਨ।

ਕਾਵਿ-ਬੰਦ ਦਾ ਪ੍ਰਸੰਗ ਲਿਖੋ।

ਜਾਂ

(ਅ) ਖ਼ੂਨ ਦੇ ਬਹਾਓ ਨੂੰ ਰੋਕਣ ਲਈ ਕੀ ਕਰਨਾ ਚਾਹੀਦਾ ਹੈ?

ਪ੍ਰ.4. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4)

(ੳ) ਇਨਸਾਨਤਾਨ ਕਵਿਤਾ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

(ਅ) ਮਲੰਗ ਕਹਾਣੀ ਵਿੱਚ ਸਵਰਗ-ਨਰਕ ਬਾਰੇ ਆਏ ਜ਼ਿਕਰ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

ਪ੍ਰ.5. ਹੇਠ ਲਿਖੇ **ਕਿਸੇ ਇਕ** ਪ੍ਰਸ਼ਨ ਦਾ ਉੱਤਰ ਲਗਭਗ 100-150 ਸ਼ਬਦਾਂ ਵਿੱਚ ਦਿਉ — (4)

(ੳ) ਜੈਸਮੀਨ ਨੇ ਮਾਈਕਰੋਸਕੋਪ ਦੀ ਸਲਾਈਡ ਵਿੱਚ ਕੀ ਦੇਖਿਆ? ਉਸ ਨੂੰ ਇਸ ਤੋਂ ਕਿਹੜੀ ਜਾਣਕਾਰੀ ਮਿਲੀ?

**ਜਾਂ**

(ਅ) ਸ਼ਬਦ ਰਚਨਾ ਪਾਠ ਵਿੱਚ ਵਿਆਕਰਨ ਦੇ ਕਿਹੜੇ ਕਿਹੜੇ ਰੂਪਾਂ ਬਾਰੇ ਜ਼ਿਕਰ ਕੀਤਾ ਗਿਆ ਹੈ? ਹਰੇਕ ਰੂਪ ਦਾ ਨਾਂ ਅਤੇ ਉਸਦੇ ਭੇਦਾਂ ਬਾਰੇ ਪੂਰੀ ਜਾਣਕਾਰੀ ਦਿਓ। 310(

ਪ੍ਰ.6. ਹੇਠ ਲਿਖੇ **ਕਿਸੇ ਇਕ** ਵਿਸ਼ੇ ਤੇ **ਰਚਨਾਤਮਕ ਕਾਰਜ** ਕਰੋ — (6)

(ੳ) ਕਹਾਣੀਕਾਰ ਸੰਤੋਖ ਸਿੰਘ ਧੀਰ ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਇਕੱਠੀ ਕਰਕੇ ਸੁਹਣੀ ਲਿਖਾਈ ਵਿੱਚ ਲਿਖੋ। ਕਿਸੀ ਇੱਕ ਕਹਾਣੀ ਦਾ ਸਾਰ ਅਤੇ ਉਸ ਦਾ ਸੰਦੇਸ਼ ਲਿਖੋ। ਕਹਾਣੀਕਾਰ ਦੀ ਫੋਟੋ ਵੀ ਲਗਾਓ।

**ਜਾਂ**

(ਅ) ਵਿਆਕਰਨ ਦਾ ਭਾਸ਼ਾ ਵਿੱਚ ਕੀ ਮਹੱਤਵ ਹੈ? ਕਿਸੀ ਵੀ ਭਾਸ਼ਾ ਦੇ ਸ਼ੁੱਧ ਰੂਪ ਲਈ ਕਿਹੜੇ ਵਿਆਕਰਨਿਕ ਰੂਪਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਇਨ੍ਹਾਂ ਰੂਪਾਂ ਦੇ ਨਾਂ ਅਤੇ ਭੇਦਾਂ ਦੇ ਨਾਂ ਰੇਖਾ ਚਿੱਤਰ ਬਣਾ ਕੇ ਪ੍ਰੋਜੈਕਟ ਤਿਆਰ ਕਰੋ।